Ontario

# 2009

# ਔਂਟੇਰੀਓ ਬਜਟ

## ਚਣੌਤੀਆਂ ਦਾ ਮੁਕਾਬਲਾ ਕਰਨਾ

*ਆਪਣਾ ਆਰਥਕ ਭਵਿੱਖ ਸਿਰਜਣਾ*

**ਅਹਿਮ ਨੁਕਤੇ**

ਔਂਟੇਰੀਓ ਸੰਸਾਰ ਆਰਥਕ ਸੰਕਟ ਦੀ ਪਕੜ ਵਿੱਚ ਹੈ। ਆਪਣੇ ਲੋਕਾਂ ਦੀ ਇਨ੍ਹਾਂ ਮੁਸ਼ਕਲ ਸਮਿਆਂ ਵਿੱਚੋਂ ਗੁਜ਼ਰਨ ਵਿੱਚ ਮਦਦ ਕਰਨ ਲਈ ਅਤੇ ਭਵਿੱਖ ਵਿੱਚ ਮਜ਼ਬੂਤ ਔਂਟੇਰੀਓ ਬਣਾਉਣ ਲਈ ਸਾਨੂੰ ਰਲ-ਮਿਲ ਕੇ ਸਭ ਕੁਝ ਕਰਨ ਦੀ ਲੋੜ ਹੈ।

ਬਜਟ 2009 ਇਸ ਆਰਥਕ ਝੱਖੜ ਦਾ ਮੁਕਾਬਲਾ ਕਰਨ ਵਿੱਚ ਔਂਟੇਰੀਓ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ। ਪਰ ਇਹ ਇਸ ਤੋਂ ਵੱਧ ਵੀ ਕਰਦਾ ਹੈ। ਬਜਟ ਆਟੇਰੀਓ ਦੀ ਆਰਥਕਤਾ ਨੂੰ ਭਵਿੱਖ ਵਿੱਚ ਵਧੇਰ ਮਜ਼ਬੂਤ ਅਤੇ ਮੁਕਾਬਲੇ ਵਿੱਚ ਬੇਹਤਰ ਬਣਾਉਂਦਾ ਹੈ ਤਾਂ ਜੋ ਜਦੋਂ ਮੁੜ ਕੇ ਖ਼ੁਸ਼ਹਾਲੀ ਆਉਂਦੀ ਹੈ ਤਾਂ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਲਾਭ ਹਾਸਲ ਹੋਵੇ।

### ਅੱਜ ਦੇ ਸਮੇਂ ਵਿੱਚ ਨੌਕਰੀਆਂ

ਨੌਕਰੀਆਂ ਪੈਦਾ ਕਰਨ ਅਤੇ ਔਂਟੇਰੀਓ ਦੇ ਵਰਕਰਾਂ ਨੂੰ ਸਫ਼ਲਤਾ ਹਾਸਲ ਕਰਨ ਲਈ ਲੋੜੀਂਦੇ ਹੁਨਰ ਹਾਸਲ ਕਰਨ ਵਿੱਚ ਮਦਦ ਕਰਨ ਲਈ ਇਹ ਬਜਟ ਬੁਨਿਆਦੀ ਢਾਂਚੇ ਅਤੇ ਹੁਨਰਾਂ ਦੀ ਸਿਖਲਾਈ ਵਿੱਚ ਨਿਵੇਸ਼ ਕਰਦਾ ਹੈ। ਅਸੀਂ ਇਹ ਕਰ ਰਹੇ ਹਾਂ:

- ਹਸਪਤਾਲ, ਸੜਕਾਂ, ਸੋਸ਼ਲ ਹਾਊਜ਼ਿੰਗ, ਅਤੇ ਸਕੂਲਾਂ, ਜਿਨ੍ਹਾਂ ਉੱਤੇ ਸਾਡੇ ਪਰਿਵਾਰ ਅਤੇ ਸਾਡੀ ਆਰਥਕਤਾ ਨਿਰਭਰ ਕਰਦੀ ਹੈ, ਨੂੰ ਸੁਧਾਰਨ ਵਾਸਤੇ $32.5 ਬਿਲੀਅਨ ਨਿਸਚਤ ਕਰਨਾ। ਇਹ ਦੋ ਸਾਲਾ ਨਿਵੇਸ਼ 300,000 ਨਾਲੋਂ ਵੱਧ ਨੌਕਰੀਆਂ ਪੈਦਾ ਕਰੇਗਾ ਅਤੇ ਉਨ੍ਹਾਂ ਨੂੰ ਕਾਇਮ ਰੱਖੇਗੀ
- ਹਜ਼ਾਰਾਂ ਔਂਟੇਰੀਓ ਵਾਸੀਆਂ, ਸਮੇਤ ਉਨ੍ਹਾਂ ਦੇ ਜਿਹੜੇ ਕੰਮ ਤੋਂ ਲੇਅ ਆਫ਼ ਹੋਏ ਹੋਣ, ਲਈ ਨਵੇਂ ਹੁਨਰ ਅਤੇ ਸਾਖਰਤਾ ਦੇ ਮੌਕੇ ਮੁਹੱਈਆ ਕਰਨ ਲਈ $700 ਮਿਲੀਅਨ ਦੀ ਨਵੀਂ ਸਹਾਇਤਾ
- ਜੁਆਨ ਔਂਟੇਰੀਓ ਵਾਸੀਆਂ ਨੂੰ ਨਵੇਂ ਮੌਕੇ ਮੁਹੱਈਆ ਕਰਨ ਅਤੇ ਇਸ ਸਾਲ 100,000 ਵਿਦਿਆਰਥੀਆਂ ਨੂੰ ਗਰਮੀਆਂ ਦੀ ਰੁੱਤ ਵਿੱਚ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕਰਨ ਲਈ ਔਂਟੇਰੀਓ ਅਪ੍ਰੈਂਟਸਸ਼ਿੱਪ ਟਰੇਨਿੰਗ ਟੈਕਸ ਕਰੈਡਿਟ ਨੂੰ ਸਭ ਤੋਂ ਵੱਧ ਉਦਾਰ ਬਣਾਉਣ ਦੀ ਤਜਵੀਜ਼ ਕਰਨੀ
- ਅਗਲੇ ਤਿੰਨ ਸਾਲਾਂ ਵਿੱਚ $130 ਮਿਲੀਅਨ ਦੀ ਮਦਦ ਦੇ ਕੇ ਖੇਤੀ ਬਾੜੀ, ਜੰਗਲਾਤ ਤੋਂ ਉਪਜਣ ਵਾਲੇ ਪਦਾਰਥਾਂ, ਅਤੇ ਖਾਣਾਂ ਦੀ ਖੁਦਾਈ ਵਾਲੇ ਉਦਯੋਗ ਦੇ ਕਾਰੋਬਾਰਾਂ ਅਤੇ ਵਰਕਰਾਂ ਦੀ ਸਹਾਇਤਾ ਕਰਨੀ

www.ontario.ca/budget

### ਬੱਚਿਆਂ ਅਤੇ ਪਰਿਵਾਰਾਂ ਵਾਸਤੇ ਨਿਵੇਸ਼ ਕਰਨਾ

ਚਣੌਤੀ ਭਰਿਆਂ ਇਨ੍ਹਾਂ ਆਰਥਕ ਸਮਿਆਂ ਵਿੱਚ ਬਜਟ ਕਮਜ਼ੋਰ ਔਂਟੇਰੀਓ ਵਾਸੀਆਂ ਦੀ ਮਦਦ ਕਰਦਾ ਹੈ।ਅਸੀਂ ਇਹ ਕਰ ਰਹੇ ਹਾਂ:

- ਇਸ ਜੁਲਾਈ ਤੋਂ ਸ਼ੁਰੂ ਹੋ ਕੇ ਔਂਟੇਰੀਓ ਚਾਇਲਡ ਬੈਨਿਫ਼ਿਟ ਨੂੰ ਲੱਗਪਗ ਦੁਗਣਾ ਕਰਕੇ ਇੱਕ ਬੱਚੇ ਪਿਛੇ $600 ਤੋਂ ਵੱਧ ਤੋਂ ਵੱਧ $1,100 ਕਰ ਕੇ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਦੀ ਮਦਦ ਕਰਨੀ
- ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਸੀਨੀਅਰ, ਜੋ ਆਪਣੇ ਘਰਾਂ ਵਿੱਚ ਰਹਿੰਦੇ ਹੋਣ, ਉਹ ਪਰਾਪਰਟੀ ਟੈਕਸ ਵਿੱਚ $500 ਦੀ ਗਰਾਂਟ ਹਾਸਲ ਕਰਨਗੇ ਜਿਵੇਂ ਕਿ 2008 ਔਂਟੇਰੀਓ ਬਜਟ ਵਿੱਚ ਘੋਸ਼ਤ ਕੀਤਾ ਗਿਆ ਸੀ, ਸੀਨੀਅਰ ਹੋਮਓਨਰਜ਼ ਪਰਾਪਰਟੀ ਟੈਕਸ ਗਰਾਂਟ ਨੂੰ ਦੁਗਣਾ ਕਰਨਾ ਜਿਸ ਨਾਲ ਆਉਂਦੇ ਪੰਜ ਸਾਲਾਂ ਵਿੱਚ 600,000 ਸੀਨੀਅਰਾਂ ਨੂੰ ਮਦਦ ਮਿਲੇਗੀ
- ਆਮਦਨੀ ਅਨੁਸਾਰ ਪੁੱਗਦੇ ਘਰ ਬਣਾਉਣੇ ਅਤੇ ਅਦਲਾ-ਬਦਲੀਆਂ ਕਰਨ ਲਈ ਅਗਲੇ ਦੋ ਸਾਲਾਂ ਵਿੱਚ $1.2 ਬਿਲੀਅਨ ਦਾ ਨਿਵੇਸ਼ ਕਰਨ ਲਈ ਫ਼ੈਡਰਲ ਸਰਕਾਰ ਨਾਲ ਮਿਲ ਕੇ ਕੰਮ ਕਰਨਾ
- ਔਂਟੇਰੀਓ ਵਰਕਸ ਅਤੇ ਔਂਟੇਰੀਓ ਡਿਸਏਬਿਲੀਟੀ ਸਪੋਰਟ ਪ੍ਰੋਗਰਾਮ ਦੀ ਰਕਮ ਵੱਚ ਵਾਧਾ ਕਰਨਾ
- ਨਗਰਪਾਲਕਾਵਾਂ ਦੇ ਕਿਰਾਏ ਦੇ ਬੈਂਕ ਨੂੰ ਸਥਿਰ ਫ਼ੰਡ ਦੇਣ ਲਈ ਸਾਲਾਨਾ $5 ਮਿਲੀਅਨ ਤੋਂ ਵੱਧ ਮੁਹੱਈਆ ਕਰ ਕੇ ਘੱਟ ਆਮਦਨੀ ਵਾਲੇ ਕਿਰਾਏਦਾਰਾਂ ਨੂੰ ਬੇਦਖ਼ਲ ਹੋਣ ਤੋਂ ਬਚਣ ਲਈ ਮਦਦ ਕਰਨੀ

www.ontario.ca/budget

### 2009 ਔਂਟੇਰੀਓ ਬਜਟ ਬਾਰੇ ਵਧੇਰੇ ਜਾਣਕਾਰੀ

2009 ਔਂਟੇਰੀਓ ਬਜਟ
ਆਮ ਪੁੱਛ-ਗਿੱਛ ਲਈ ਸੰਪਰਕ ਕਰੋ:
ਬਜਟ ਹਾਟਲਾਈਨ

ਅੰਗਰੇਜ਼ੀ ਅਤੇ ਫ਼ਰੈਂਚ ਵਿੱਚ ਪੁੱਛ-ਗਿੱਛ ਲਈ:
ਟੋਲ ਫ਼੍ਰੀ: 1-800-337-7222
ਟੀਟੀਵਾਈ-ਟੋਲ ਫ਼੍ਰੀ: 1-800-263-7776

ਇਸ ਬਜਟ ਦੀਆਂ ਨਕਲਾਂ ਇੰਟਰਨੈਟ 'ਤੇ ਹਾਸਲ ਕਰਨ ਲਈ ਸਾਡੀ ਵੈੱਬਸਾਈਟ ਵੇਖੋ:www.ontario.ca/budget

ਪ੍ਰਕਾਸ਼ਤ ਨਕਲਾਂ ਇਸ ਪਤੇ 'ਤੇ ਮੁਫ਼ਤ ਉਪਲਬਧ ਹਨ:

ServiceOntario Publications
777 Bay Street, Market Level,
Toronto, Ontario
M5G 2C8

ਟੈਲੀਫ਼ੋਨ: 416-326-5300
ਟੋਲ ਫ਼੍ਰੀ: 1-800-668-9938
ਟੀਟੀਵਾਈ ਟੋਲ ਫ਼੍ਰੀ: 1-800-268-7095

www.serviceontario.ca/publications

Punjabi

## ਭਵਿੱਖ ਵਿੱਚ ਨੌਕਰੀਆਂ

ਮੈਗੁਇੰਟੀ ਸਰਕਾਰ ਔਂਟੇਰੀਓ ਦੀ ਆਰਥਕਤਾ ਨੂੰ ਮੁਕਾਬਲੇ ਵਿੱਚ ਬੇਹਤਰ ਬਣਾ ਰਹੀ ਹੈ ਜਿਸ ਰਾਹੀਂ ਨੌਕਰੀਆਂ ਪੈਦਾ ਹੋਣਗੀਆਂ ਇਹ ਯਕੀਨੀ ਬਣੇਗਾ ਕਿ ਜਦੋਂ ਮੁੜ ਕੇ ਖ਼ੁਸ਼ਹਾਲੀ ਆਵੇ ਤਾਂ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਲਾਭ ਪ੍ਰਾਪਤ ਹੋਵੇ।

ਹੇਠ ਦਰਜ ਕੰਮ ਕਰ ਕੇ ਵਾਤਾਵਰਣਮੁਖੀ ਆਰਥਕਤਾ ਲਈ ਅਸੀਂ ਨਵੇਂ ਮੌਕੇ ਪੈਦਾ ਕਰਨ ਵਿੱਚ ਮਦਦ ਕਰ ਰਹੇ ਹਾਂ:

- ਨਵੀਆਂ ਪੈਦਾ ਹੋ ਰਹੀਆਂ ਤਕਨੌਲੋਜੀਆਂ ਦੇ ਫੰਡਾਂ ਵਿੱਚ $250 ਮਿਲੀਅਨ ਦਾ ਨਿਵੇਸ਼ ਕਰ ਕੇ
- ਬਿਜਲੀ ਦੇ ਲਾਭਵੰਦ ਗ੍ਰਿੱਡ ਦੇ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਪੰਜ ਸਾਲਾਂ ਦੌਰਾਨ $50 ਮਿਲੀਅਨ ਮੁਹੱਈਆ ਕਰ ਕੇ
- $5 ਮਿਲੀਅਨ ਨਿਵੇਸ਼ ਕਰ ਕੇ ਵਾਤਾਵਰਣਮੁਖੀ ਨੌਕਰੀਆਂ ਲਈ ਹੁਨਰਾਂ ਬਾਰੇ ਰਣਨੀਤੀ ਦਾ ਵਿਕਾਸ ਕਰਨਾ ਤਾ ਜੋ ਔਂਟੇਰੀਓ ਵਾਸੀਆਂ ਕੋਲ ਵਾਤਾਵਰਣਮੁਖੀ ਊਰਜਾ ਦੇ ਖੇਤਰ ਵਿੱਚ ਪੈਦਾ ਹੋਣ ਵਾਲੇ ਨਵੇਂ ਮੌਕਿਆਂ ਦਾ ਲਾਭ ਲੈਣ ਲਈ ਲੋੜੀਂਦੇ ਹੁਨਰ ਮੌਜੂਦ ਹੋਣ

ਨਵੀਆਂ ਕਾਢਾਂ ਕੱਢਣ ਲਈ ਅਸੀਂ ਨਿਵੇਸ਼ ਕਰ ਰਹੇ ਹਾਂ:

- ਬਾਇਓਮੈਡੀਕਲ ਖੋਜ ਵਾਸਤੇ ਨਵੀਂ ਸਹਾਇਤਾ ਲਈ $100 ਮਿਲੀਅਨ ਮੁਹੱਈਆ ਕਰਨਾ
- ਇਨੋਵੇਸ਼ਨ ਡੈਮਨਸਟਰੇਸ਼ਨ ਫੰਡ ਲਈ $50 ਮਿਲੀਅਨ ਲਾ ਕੇ ਔਂਟੇਰੀਓ ਵਿੱਚ ਵਿਚਾਰਾਂ ਨੂੰ ਔਂਟੇਰੀਓ ਅੰਦਰ ਨੌਕਰੀਆਂ ਵਿੱਚ ਤਬਦੀਲ ਕਰਨ ਵਿੱਚ ਮਦਦ ਕਰਨਾ
- ਛੇ ਸਾਲਾਂ ਦੌਰਾਨ $300 ਮਿਲੀਅਨ ਦੁਆਰਾ ਅਤੀ ਲੋੜੀਂਦੀ ਖੋਜ ਦਾ ਬੁਨਿਆਦੀ ਢਾਂਚਾ।

ਔਂਟੇਰੀਓ ਦੇ ਮਨੋਰੰਜਣ ਅਤੇ ਸਿਰਜਣਾਤਮਕ ਉਦਯੋਗ ਹਜ਼ਾਰਾਂ ਔਂਟੇਰੀਓ ਵਾਸੀਆਂ ਨੂੰ ਨੌਕਰੀਆਂ ਦਿੰਦੇ ਹਨ। ਇਹ ਹੀ ਕਾਰਨ ਹੈ ਕਿ ਅਸੀਂ ਇਨ੍ਹਾਂ ਉਦਯੋਗਾਂ ਨੂੰ ਹਰ ਸਾਲ ਲਗਪਗ $100 ਮਿਲੀਅਨ ਪ੍ਰਤੀ ਸਾਲ ਤਜਵੀਜ਼ਸ਼ੁਦਾ ਟੈਕਸ ਵਿੱਚ ਰਾਹਤ ਅਤੇ $30 ਮਿਲੀਅਨ ਦੇ ਅਧਿਕ ਸਹਾਇਤਾ ਮੁਹੱਈਆ ਕਰ ਰਹੇ ਹਾਂ।

## ਟੈਕਸ ਸੁਧਾਰ ਲਈ ਵਿਆਪਕ ਪਲੰਦਾ

ਔਂਟੇਰੀਓ ਟੈਕਸ ਸੁਧਾਰ ਲਈ ਇੱਕ ਵਿਆਪਕ ਪਲੰਦਾ ਤਜਵੀਜ਼ ਕਰ ਰਿਹਾ ਹੈ ਜਿਸ ਵਿੱਚ 1 ਜੁਲਾਈ, 2010 ਤੋਂ ਇੱਕੋ ਇੱਕ, ਵੈਲੀਊ ਐਡਿਡ ਸੇਲਜ਼ ਟੈਕਸ ਅਪਣਾਉਣਾ ਅਤੇ ਲੋਕਾਂ ਅਤੇ ਕਾਰੋਬਾਰਾਂ ਲਈ ਟੈਕਸ ਵਿੱਚ ਰਾਹਤ ਮੁਹੱਈਆ ਕਰਨਾ ਸ਼ਾਮਲ ਹੈ।

ਪਰਿਵਾਰਾਂ ਨੂੰ ਇਸ ਨਾਲ ਸਿੱਝਣ ਵਿੱਚ ਮਦਦ ਕਰਨ ਲਈ, ਅਸੀਂ ਇਹ ਕਰਾਂਗੇ:

- ਪੁਸਤਕਾਂ, ਬੱਚਿਆਂ ਦੇ ਕੱਪੜਿਆਂ ਅਤੇ ਪੈਰੀਂ ਪਾਉਣ ਲਈ ਜੁਰਾਬਾਂ/ਜੁੱਤੀਆਂ, ਡਾਇਪਰਜ਼, ਬੱਚਿਆਂ ਲਈ ਕਾਰ ਦੀਆਂ ਸੀਟਾਂ ਅਤੇ ਕਾਰ ਬੂਸਟਰ ਸੀਟਾਂ ਅਤੇ ਔਰਤਾਂ ਲਈ ਸਵਾਸਥਕਾਰੀ ਵਸਤਾਂ ਨੂੰ ਟੈਕਸ ਦੇ ਪਰਾਂਤਕ 8 ਪ੍ਰਤੀਸ਼ਤ ਤੋਂ ਛੋਟ ਦੇਣੀ
- ਇਹ ਯਕੀਨੀ ਬਣਾਉਣਾ ਕਿ $400,000 ਤੋਂ ਘੱਟ ਕੀਮਤ ਵਾਲੇ ਉਸਾਰੇ ਗਏ ਨਵੇਂ ਘਰਾਂ ਉੱਤੇ ਅਧਿਕ ਟੈਕਸ ਦਾ ਭਾਰ ਨਾ ਪਵੇ। $400,000 ਅਤੇ $500,000 ਵਿਚਕਾਰ ਕੀਮਤ ਵਾਲੇ ਨਵੇਂ ਘਰ ਖ਼ਰੀਦਨ ਵਾਲੇ ਨਿਸਬਤੀ ਛੋਟ ਵੀ ਲੈ ਸਕਦੇ ਹਨ।

ਨਵੇਂ ਇੱਕੋ ਇੱਕ ਸੇਲਜ਼ ਟੈਕਸ ਨਾਲ ਸਿੱਝਣ ਵਿੱਚ ਮਦਦ ਕਰਨ ਲਈ, ਸਰਕਾਰ ਸਥਾਈ ਟੈਕਸ ਰਾਹਤ ਅਤੇ ਸਿੱਧੀਆਂ ਅਦਾਇਗੀਆਂ ਮੁਹੱਈਆ ਕਰੇਗੀ:

- ਔਂਟੇਰੀਓ ਦੇ ਟੈਕਸ ਅਦਾ ਕਰਨ ਵਾਲੇ 93 ਪ੍ਰਤੀਸ਼ਤ ਘੱਟ ਨਿੱਜੀ ਆਮਦਨੀ ਟੈਕਸ ਅਦਾ ਕਰਨਗੇ
- $160,000 ਤੋਂ ਘੱਟ ਆਮਦਨੀ ਵਾਲੇ ਯੋਗ ਪਰਿਵਾਰ ਪਰਾਂਤਕ ਸਰਕਾਰ ਤੋਂ ਤਿੰਨ ਅਦਾਇਗੀਆਂ ਹਾਸਲ ਕਰਨਗੇ ਜਿਨ੍ਹਾਂ ਦਾ ਜੋੜ ਕੁੱਲ ਮਿਲਾ ਕੇ $1,000 ਹੋਵੇਗਾ
- $80,000 ਤੋਂ ਘੱਟ ਆਮਦਨੀ ਵਾਲਾ ਯੋਗ ਵਿਅਕਤੀ ਤਿੰਨ ਅਦਾਇਗੀਆਂ ਹਾਸਲ ਕਰੇਗਾ ਜਿਨ੍ਹਾਂ ਨੂੰ ਕੁੱਲ ਮਿਲਾ ਕੇ ਜੋੜ $300 ਹੋਵੇਗਾ
  - ਪਹਿਲੀ ਅਦਾਇਗੀ ਜੂਨ 2010 ਵਿੱਚ, ਦੂਜੀ ਦਸੰਬਰ 2010 ਵਿੱਚ ਅਤੇ ਤੀਜੀ ਜੂਨ 2011 ਵਿੱਚ ਪਹੁੰਚੇਗੀ
- ਪਰਾਂਤਕ ਸਰਕਾਰ ਇਹ ਵੀ ਮੁਹੱਈਆ ਕਰੇਗੀ:
  - ਕੈਨੇਡਾ ਅੰਦਰ ਬਹੁਤ ਹੀ ਉਦਾਰ ਰਿਫੰਡ ਹੋਣਯੋਗ ਸੇਲਜ਼ ਟੈਕਸ ਕ੍ਰੈਡਿਟ ਰਾਹੀਂ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਲੋਕਾਂ ਲਈ ਸਥਾਈ ਟੈਕਸ ਵਿੱਚ ਰਾਹਤ। ਇਹ ਨਵਾਂ ਕ੍ਰੈਡਿਟ ਹਰੇਕ ਬਾਲਗ਼ ਅਤੇ ਬੱਚੇ ਨੂੰ ਹਰ ਸਾਲ $260 ਤੀਕ ਮੁਹੱਈਆ ਕਰੇਗਾ
  - ਹਰੇਕ ਔਂਟੇਰੀਓ ਵਾਸੀ ਵੱਲੋਂ ਕਮਾਈ ਗਈ ਟੈਕਸ ਦੇਣਯੋਗ ਰਕਮ ਦੇ ਪਹਿਲੇ $36,848 ਦੀ ਦਰ ਵਿੱਚ 16.5 ਕਟੌਤੀ

ਕਾਰੋਬਾਰਾਂ ਨੂੰ ਮੁਕਾਬਲੇ ਵਿੱਚ ਬੇਹਤਰ ਬਣਾਉਣ ਲਈ, ਸਰਕਾਰ ਟੈਕਸ ਵਿੱਚ ਕਟੌਤੀ ਕਰੇਗੀ, ਖ਼ਾਸ ਤੌਰ ਤੇ ਛੋਟੇ ਕਾਰੋਬਾਰਾਂ ਲਈ। ਟੈਕਸ ਵਿੱਚ ਇਨ੍ਹਾਂ ਕਟੌਤੀਆਂ ਕਾਰਨ ਵੱਧ ਨੌਕਰੀਆਂ ਕਾਇਮ ਹੋਣਗੀਆਂ ਅਤੇ ਮਜ਼ਬੂਤ ਅਤੇ ਮੁਕਾਬਲੇ ਤੇ ਬੇਹਤਰ ਆਰਥਕਤਾ ਹੋਂਦ ਵਿੱਚ ਆਵੇਗੀ। 1 ਜੁਲਾਈ, 2010 ਤੋਂ ਸ਼ੁਰੂ ਕਰ ਕੇ, ਅਸੀਂ ਇਹ ਕਰਾਂਗੇ:

- ਛੋਟੇ ਕਾਰੋਬਾਰਾਂ ਲਈ ਕਾਰਪੋਰੇਟ ਇੰਕਮ ਟੈਕਸ (CIT) ਦੀ ਦਰ ਵਿੱਚ 18% ਕਟੌਤੀ ਕਰਨੀ
- ਸੀ ਆਈ ਟੀ ਦੀ ਆਮ ਦਰ ਵਿੱਚ 14.3 ਪ੍ਰਤੀਸ਼ਤ ਕਟੌਤੀ ਕੀਤੀ ਜਾਵੇਗੀ। ਤਿੰਨ ਸਾਲਾਂ ਦੌਰਾਨ ਇਸ ਵਿੱਚ 16.7 ਪ੍ਰਤੀਸ਼ਤ ਦੀ ਹੋਰ ਕਟੌਤੀ ਕੀਤੀ ਜਾਵੇਗੀ
- ਔਂਟੇਰੀਓ ਨਿਰਮਾਣ ਅਤੇ ਪ੍ਰੌਸੈਸਿੰਗ- ਜਿੰਨ੍ਹਾਂ ਵਿੱਚ ਖੇਤੀਬਾੜੀ, ਮੱਛਪਾਲਣ, ਖਾਣਾਂ ਖੋਦਣ ਅਤੇ ਜੰਗਲਾਤ ਦੇ ਰੱਖ ਕੱਟਣ ਵਾਲਿਆਂ- ਦੀ ਦਰ ਵਿੱਚ 16.7 ਪ੍ਰਤੀਸ਼ਤ ਤੀਕ ਕਟੌਤੀ
- ਛੋਟੇ ਅਤੇ ਦਰਮਿਆਨੇ ਆਕਾਰ ਦੇ ਹੋਰ ਕਾਰੋਬਾਰਾਂ ਨੂੰ ਕਾਰਪੋਰੇਟ ਘੱਟ ਤੋਂ ਘੱਟ ਟੈਕਸ ਤੋਂ ਛੋਟ ਦੇਣੀ ਅਤੇ ਵੱਡੇ ਕਾਰੋਬਾਰ ਦੀ ਦਰ ਵਿੱਚ 32.5 ਪ੍ਰਤੀਸ਼ਤ ਕਟੌਤੀ

ਇਸ ਤੋਂ ਇਲਾਵਾ, ਅਸੀਂ ਛੋਟੇ ਕਾਰੋਬਾਰ ਦੇ ਸਰਟੈਕਸ ਨੂੰ ਖ਼ਤਮ ਕਰ ਦੇਵਾਂਗੇ-ਉਨਤੀ ਕਰ ਰਹੇ ਛੋਟੇ ਕਾਰੋਬਾਰ ਦੇ ਰਾਹ ਵਿੱਚ ਇਸ ਰੁਕਾਵਟ ਨੂੰ ਖ਼ਤਮ ਕਰਨ ਵਿੱਚ ਕੈਨੇਡਾ ਅੰਦਰ ਔਂਟੇਰੀਓ ਇੱਕਲਾ ਹੀ ਹੋਵੇਗਾ।



www.ontario.ca/budget